## ਅਧਿਆਇ-iv

ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਸਥਾਪਤ ਨਾਰਮ

| ਲੜੀ ਨੰ: | ਕੰਮ ਦੀ ਮੱਦ | ਵਿਭਾਗ ਦੁਆਰਾ ਸਥਾਪਤ ਨਾਰਮ (ਫੈਸਲਾ ਕਰਨ ਲਈ ਲਏ ਜਾਣ ਵਾਲੇ ਦਿਨਾਂ ਦੀ ਗਿਣਤੀ) |
|---|---|---|
| 1 | 2 | 3 |
| 1. | ਪੰਚਾਇਤਾ ਦੇ ਮੈਂਬਰ ਵਿਰੁੱਧ ਜਾਂਚ ਪੜਤਾਲ | ਆਮ ਤੌਰ ਤੇ ਸਾਰੀਆਂ ਜਾਂਚ-ਪੜਤਾਲਾਂ 3 ਮਹੀਨੇ ਦੇ ਸਮੇਂ ਦੇ ਅੰਦਰ-ਅੰਦਰ ਪੂਰੀਆਂ ਕੀਤੀਆਂ ਜਾਣੀਆਂ ਹਨ ਅਤੇ ਜੇਕਰ ਅਜਿਹੀ ਜਾਂਚ ਪੜਤਾਲ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਪੂਰੀ ਨਹੀਂ ਕੀਤੀ ਜਾ ਸਕਦੀ ਤਾਂ ਉਸ ਸੂਰਤ ਵਿੱਚ ਇਸਦੇ ਲਈ ਉਚਿੱਤਤਾ/ਵਾਜਬ ਕਾਰਣ ਹੋਣਾ ਚਾਹੀਦਾ ਹੈ । |
| 2. | ਸਾਰੀਆਂ ਵਿਭਾਗੀ ਜਾਂਚ ਪੜਤਾਲਾਂ | 3 ਮਹੀਨਿਆਂ ਦੇ ਅੰਦਰ-ਅੰਦਰ 6 ਮਹੀਨਿਆਂ ਤਕ ਵਧਾਏ ਜਾਣ ਯੋਗ । |
| 3. | ਵਿਕਾਸ ਕਾਰਜਾਂ ਨੂੰ ਅਮਲ | ਵਿਸਤ੍ਰਿਤ ਤਕਨੀਕੀ ਅਨੁਮਾਨਾਂ (ਤਖ਼ਮੀਨਿਆਂ) ਦੀ ਤਿਆਰੀ, ਪ੍ਰਸ਼ਾਸਕੀ ਮਨਜ਼ੂਰੀ ਦੇਣੀ ਪੀ. ਆਰ. ਆਈ. ਰਾਹੀਂ ਕਾਰਜਾਂ ਨੂੰ 6 ਮਹੀਨੇ ਦੇ ਸਮੇਂ ਦੇ ਅੰਦਰ-ਅੰਦਰ ਅਮਲ ਵਿੱਚ ਲਿਆਉਣਾ । ਪੈਮਾਇਸ਼ ਪੁਸਤਕ ਵਿੱਚ ਇੰਦਰਾਜ ਦਰਜ ਕਰਨੇ । ਵਰਤੋਂ ਸਰਟੀਫਿਕੇਟ ਜਾਰੀ ਕਰਨਾ । |
| 4. | ਸ਼ਾਮ ਲਾਟ ਜ਼ਮੀਨਾਂ ਦਾ ਪ੍ਰਬੰਧ | ਸ਼ਾਮਲਾਟ ਜ਼ਮੀਨਾਂ ਦੀ ਸਾਲਾਨਾ ਵਰਤੋਂ ਯੋਜਨਾ ਤਿਆਰ ਕੀਤੀ ਜਾਂਦੀ ਹੈ ਖੇਤੀਬਾੜੀ ਲਈ ਰੱਖੀ ਗਈ ਜ਼ਮੀਨ ਨੂੰ ਆਮ ਤੋਰ ਤੇ ਅਪ੍ਰੈਲ ਅਤੇ ਮਈ ਦੇ ਮਹੀਨੇ ਵਿੱਚ ਖੁੱਲੀ ਬੋਲੀ ਰਾਹੀਂ ਵੇਚਿਆ ਜਾਂਦਾ ਹੈ । ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫ਼ਸਰ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਅਤੇ ਡਿਪਟੀ ਡਾਇਰੈਕਟਰ, ਪੰਜਾਬ ਪਿੰਡ ਸਾਂਝੀਆਂ ਭੋਆਂ (ਅਧਿਨਿਯਮ) ਐਕਟ, 1961 ਵਿੱਚ ਕੀਤੇ ਉਪਬੰਧਾਂ ਅਨੁਸਾਰ ਨੀਲਾਮੀ (ਬੋਲੀ) ਅਧੀਨ ਖੇਤਰ ਤੇ ਨਿਰਭਰ ਕਰਦੇ ਹੋਏ ਬੋਲੀ ਲਗਾਈ ਜਾਂਦੀ ਹੈ । |
| 5. | ਪੰਚਾਇਤ ਅਤੇ ਇਸ ਦੇ ਕਾਰਜਾਂ ਦਾ ਮੁਆਇਨਾ | ਨਿਯਤ ਗਿਣਤੀ ਦੀਆਂ ਪੰਚਾਇਤਾਂ ਦਾ ਆਮ ਮੁਆਇਨਾ ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫ਼ਸਰ ਅਤੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੁਆਰਾ ਕੀਤਾ ਜਾਂਦਾ ਹੈ । ਹਰੇਕ ਮਹੀਨੇ |

| 1 | 2 | 3 |
|---|---|---|

----------------------------------------------------------------------

| | | |
|---|---|---|
| | | ਵਿੱਚ ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫ਼ਸਰ ਨੂੰ 8 ਗਰਾਮ ਪੰਚਾਇਤਾਂ ਦਾ ਮੁਆਇਨਾ ਕਰਨਾ ਪੈਂਦਾ ਹੈ । 4 ਪੰਚਾਇਤਾਂ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦੁਆਰਾ ਅਤੇ ਦੋ ਪੰਚਾਇਤ ਮੁਆਇਨੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੁਆਰਾ ਕੀਤੇ ਜਾਂਦੇ ਹਨ । ਉਪਰੰਤ ਅਨਿਯਮਤਾਵਾਂ ਨੂੰ ਦੂਰ ਕਰਨ ਲਈ (ਪੈਰਵੀ) ਕਾਰਵਾਈ ਕੀਤੀ ਜਾਂਦੀ ਹੈ । |
| 6. | ਪੰਚਾਇਤ ਫੰਡ ਦੀ ਲੇਖਾ ਪੜਤਾਲ | ਗਰਾਮ ਪੰਚਾਇਤ ਫੰਡਾਂ ਦੀ ਲੇਖਾ-ਪੜਤਾਲ ਪਰੀਖਿਅਕ ਸਥਾਨਕ ਫੰਡ, ਦੇ ਮਹਾਲੇਖਾਕਾਰ, ਪੰਜਾਬ ਅਤੇ ਵਿਭਾਗ ਦੇ ਅੰਦਰੂਨੀ ਲੇਖਾ ਪੜਤਾਲ ਵਿੰਗ ਦੁਆਰਾ ਕੀਤੀ ਜਾਂਦੀ ਹੈ । ਲੇਖਾ ਪੜਤਾਲ ਰਿਪੋਟਾਂ ਸਬੰਧਤ ਪੀ.ਆਰ.ਆਈਜ਼. ਨੂੰ ਭੇਜ ਦਿੱਤੀਆਂ ਜਾਦੀਆਂ ਹਨ ਅਤੇ ਦਰਸਾਈਆਂ ਗਈਆਂ ਅਨਿਯਮਤਾਵਾਂ ਨੂੰ ਵਸੂਲੀਆਂ/ ਅਡਸਟਮੈਂਟਾਂ ਅਤੇ ਰਿਕਾਰਡਾਂ ਨੂੰ ਠੀਕ ਕਰਕੇ ਜੋ ਵੀ ਸੂਰਤ ਹੋਵੇ, ਦੂਰ ਕਰ ਦਿੱਤਾ ਜਾਦਾ ਹੈ । |

----------------------------------------------------------------------

ਭਾਵੇਂ ਕਿ ਉਪਰੋਕਤ ਜਾਣਕਾਰੀ ਨੂੰ ਪ੍ਰਕਾਸ਼ਿਤ ਕਰਨ ਲੱਗਿਆ ਮੁਨਾਸਬ ਧਿਆਨ ਰੱਖਿਆ ਗਿਆ ਹੈ, ਫਿਰ ਵੀ ਵਿਭਾਗ ਕਿਸੇ ਅਸਾਵਧਾਨੀ ਦੀ ਗਲਤੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ ।